ਆਤਮਿਕ ਚੱਟਾਨ ਦਾ ਪੱਥਰ ਨੰਬਰ 155

# ਮਸੀਹ, ਵਚਨ ਵਿੱਚ ਲੰਗਰ ਪਾਉਣਾ

## ANCHORED IN CHRIST, THE WORD

ਇਬਰਾਨੀਆਂ 6:18–20, "...ਜਿਹੜੇ ਆਪਣੇ ਸਾਹਮਣੇ ਰੱਖੀ ਹੋਈ ਆਸਾ ਨੂੰ ਫੜ ਲੈਣ ਭਈ ਭੱਜ ਕੇ ਪਨਾਹ ਲੈਂਦੇ ਹਾਂ। ਅਤੇ ਉਹ ਆਸਾ ਮਾਨੋ ਸਾਡੀ ਜਾਨ ਦਾ ਲੰਗਰ ਹੈ ਜਿਹੜਾ ਅਚੱਲ ਅਤੇ ਇਸਥਿਰ ਹੈ ਅਤੇ ਉਸ ਥਾਂ ਪਹੁੰਚਦਾ ਹੈ ਜੋ ਪੜਦੇ ਦੇ ਅੰਦਰ ਹੈ। ਜਿੱਥੇ ਯਿਸੂ ਨੇ ਆਗੂ ਬਣ ਕੇ ਸਾਡੇ ਲਈ ਪਰਵੇਸ਼ ਕੀਤਾ ਜਿਹੜਾ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ ਸਦਾ ਤੀਕ ਦਾ ਪਰਧਾਨ ਜਾਜਕ ਬਣਿਆ।

ਇੱਕ ਵਧੀਆ ਸੇਵਕ ਨੇ ਕੁਝ ਸਮਾਂ ਪਹਿਲਾਂ ਕਿਹਾ, ਕਿਹਾ, "ਭਾਈ ਬ੍ਰਾਨਹਾਮ, ਜੇਕਰ ਮੈਂ ਆਪਣੇ ਹਿਰਦੇ ਵਿੱਚ ਬਸ ਪ੍ਰਭੂ ਦਾ ਅਨੰਦ ਮਾਣ ਸਕਾਂ..."

ਮੈਂ ਕਿਹਾ, "ਬੇਟਾ, ਬੇਦਾਰੀ ਮੁੱਕ ਗਈ ਹੈ।" ਸਮਝੇ? ਹੁਣ, **ਜਹਾਜ਼ ਤੇ ਸਥਿਰਤਾ ਪ੍ਰਦਾਨ ਕਰਨ ਵਾਲਾ ਸਮਾਨ ਲਾ ਦਿੱਤਾ ਗਿਆ ਹੈ। ਸਾਡੇ ਅੱਗੇ ਬਾਹਰ ਇੱਥੇ ਬਹੁਤ ਭਿਆਨਕ ਲਹਿਰਾਂ ਹਨ, ਪਰ ਅਸੀਂ ਜਾਣਦੇ ਹਾਂ ਉਸ ਲਹਿਰ ਦੇ ਪਾਰ ਅਸੀਂ ਕਿਨਾਰੇ ਦੇ ਨੇੜੇ ਹਾਂ।** ਸਮਝੇ? ਅਸੀਂ ਕਿਨਾਰੇ ਦੇ ਨੇੜੇ ਹਾਂ। ਬਸ ਸਥਿਰ ਰਹੋ। ਬਸ ਵਚਨ ਵਿੱਚ ਬਣੇ ਰਹੋ; ਪ੍ਰਮੇਸ਼ੁਰ ਦੇ ਨਾਲ ਬਣੇ ਰਹੋ। **ਕੋਈ ਪ੍ਰਵਾਹ ਨਹੀਂ ਕਿ ਤੁਹਾਨੂੰ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ, ਹੋਰ ਜੋ ਕੁਝ ਵੀ, ਠੀਕ ਵਚਨ ਦੇ ਨਾਲ ਖੜ੍ਹੇ ਰਹੋ।** ਇਸਨੂੰ ਸਥਿਰ ਰਹਿਣ ਦਿਓ। ਜਦੋਂ ਤੁਸੀਂ ਇਹਨਾਂ ਵੱਡੇ ਪੁਰਾਣੇ ਬੱਦਲਾਂ ਨੂੰ ਆਪਣੇ ਦੁਆਲੇ ਵੇਖਦੇ ਹੋ, ਅਤੇ ਤੂਫ਼ਾਨ ਨੂੰ ਆਉਂਦੇ ਵੇਖਦੇ ਹੋ, ਅਤੇ ਐਟਮ ਬੰਬਾਂ ਨੂੰ, ਅਤੇ ਹਰ ਹੋਰ ਚੀਜ਼ ਜਿਹਦੇ ਬਾਰੇ ਉਹ ਗੱਲਾਂ ਕਰਦੇ ਹਨ; ਪਰ ਸਾਡਾ ਸਥਿਰਤਾ ਪ੍ਰਦਾਨ ਕਰਨ ਵਾਲਾ ਯੰਤਰ ਠੀਕ ਸਿੱਧਾ ਵਚਨ ਵਿੱਚ ਹੈ। ਪ੍ਰਮੇਸ਼ੁਰ ਨੇ ਕਿਹਾ ਕਿ ਇਹ ਇੱਥੇ ਹੋਵੇਗਾ; ਅਸੀਂ ਉਹਨਾਂ ਵਿੱਚੋਂ ਹਰੇਕ ਦੇ ਸਿਖ਼ਰ ਉੱਤੇ ਹੋਵਾਂਗੇ। ਜੀ ਹਾਂ। ਅਸੀਂ ਠੀਕ ਉਹਨਾਂ ਦੇ ਉੱਪਰੋਂ ਜਾਵਾਂਗੇ। ਹਾਂ, ਸੱਚਮੁੱਚ। ਉਹ ਸਾਨੂੰ ਡੋਬ ਨਹੀਂ ਸੱਕਦੇ; ਉਹ ਸਾਨੂੰ ਡੁਬੋ ਨਹੀਂ ਸਕਦੇ। ਤੁਸੀਂ ਸਾਨੂੰ ਕਬਰ ਵਿੱਚ ਪਾ ਦਿਓ; ਅਸੀਂ ਫਿਰ ਬਾਹਰ ਆ ਜਾਵਾਂਗੇ। ਬਸ ਇਹ ਹੀ ਸਭ ਹੈ। ਇਸ ਨੂੰ ਹੇਠਾਂ ਰੱਖਣ ਲਈ ਸੰਸਾਰ ਵਿੱਚ ਕੋਈ ਤਰੀਕਾ ਨਹੀਂ ਹੈ। ਅਸੀਂ ਉਹਨਾਂ ਵਿੱਚੋਂ ਹਰੇਕ ਤੋਂ ਸਿਖਰ ਉੱਤੇ ਹੋਵਾਂਗੇ, ਕਿਉਂਕਿ ਸਾਡਾ ਮਹਾਨ ਮੁੱਖ ਕਪਤਾਨ ਦੂਜੇ ਪਾਸੇ ਬੁਲਾ ਰਿਹਾ ਹੈ।

**ਇਹ ਚਾਹੇ ਕੁਝ ਵੀ ਹੋਵੇ, ਇਸ ਨੂੰ ਆਉਣ ਦਿਓ, ਇਹ ਕੀ ਹੋ ਸਕਦਾ ਹੈ, ਇਹ ਕੀ ਹੋਵੇਗਾ, ਇਸ ਨਾਲ ਕੋਈ ਫਰਕ ਨਹੀਂ ਪੈਂਦਾ; ਸਾਡਾ ਲੰਗਰ ਠੀਕ ਉੱਥੇ ਯਿਸੂ ਵਿੱਚ ਹੈ।** ਜੇ ਮੈਂ ਜੀਉਂਦਾ ਹਾਂ, ਤਾਂ ਪ੍ਰਮੇਸ਼ੁਰ ਦੀ ਮਹਿਮਾ ਲਈ ਜੀਵਾਂਗਾ। ਜੇ ਮੈਂ ਮਰ ਜਾਂਦਾ ਹਾਂ ਤਾਂ ਪ੍ਰਮੇਸ਼ੁਰ ਦੀ ਮਹਿਮਾ ਲਈ ਮਰਾਂਗਾ (ਰੋਮੀਆਂ 14:7–8)। ਜੋ ਮੈਂ ਕਰਨਾ ਚਾਹੁੰਦਾ ਹਾਂ ਬਸ ਪ੍ਰਮੇਸ਼ੁਰ ਦੀ ਮਹਿਮਾ ਦੇ ਲਈ ਹੀ ਹੈ। ਜਦੋਂ ਇਹ ਪੂਰਾ ਹੋ ਜਾਂਦਾ ਹੈ ਤਾਂ ਮੈਂ ਹੋਰ ਸਮਾਂ ਨਹੀਂ ਰਹਿਣਾ ਚਾਹੁੰਦਾ ਹਾਂ। ਮੈਂ ਆਪਣਾ ਫਲ ਲੈਣ ਲਈ ਜਾਣਾ ਚਾਹੁੰਦਾ ਹਾਂ ਜੋ ਉਸ ਨੇ ਮੇਰੇ

ਲਈ ਖਰੀਦਿਆ ਹੈ, ਉਹ ਨਹੀਂ ਜੋ ਮੈਂ ਕਮਾਇਆ ਹੈ, ਪਰ ਉਹ ਜੋ ਉਸ ਨੇ ਮੇਰੇ ਲਈ ਖਰੀਦਿਆ ਹੈ, ਜੋ ਉਹ ਆਪਣੀ ਕਿਰਪਾ ਨਾਲ ਮੈਨੂੰ ਦਿੰਦਾ ਹੈ (ਪ੍ਰਕਾਸ਼ ਦੀ ਪੋਥੀ 22:12)। [1]

**ਅਤੇ ਇੱਕ ਨਵੇਂ ਸਿਰਿਓਂ ਜਨਮਿਆ ਮਸੀਹੀ ਮਸੀਹ ਨਾਲ ਬੱਝਾ ਹੋਇਆ ਹੈ, ਅਤੇ ਬਾਈਬਲ ਲੰਗਰ** (ANCHOR) **ਹੈ** (1ਪਤਰਸ 1:23)। ਇਹ ਉਹ ਚੀਜ਼ ਹੈ ਜਿਸ ਨਾਲ ਅਸੀਂ ਬੱਝੇ ਹਾਂ। ਸੰਸਥਾਵਾਂ ਨੂੰ, ਹੋਰ ਵੱਖਰੀਆਂ ਚੀਜ਼ਾਂ ਨੂੰ, ਵਿਗਿਆਨ ਨੂੰ ਅਤੇ ਸਿੱਖਿਅਕਾਂ ਨੂੰ ਕੁਝ ਵੀ ਕਹਿਣ ਦਿਓ ਜੋ ਵੀ ਉਹ ਕਹਿਣਾ ਚਾਹੁੰਦੇ ਹਨ। ਜਿੰਨੀ ਦੇਰ ਤੱਕ ਵਚਨ ਇਹ ਕਹਿੰਦਾ ਹੈ ਅਤੇ ਇਹ ਵਾਅਦਾ ਕਰਦਾ ਹੈ, ਅਸੀਂ ਉਸ ਨਾਲ ਬੱਝੇ ਹੋਏ ਹਾਂ। ਕੁਝ ਹੈ ਜੋ ਸਾਨੂੰ ਇਸ ਤੋਂ ਹਿੱਲਣ ਨਹੀਂ ਦੇਵੇਗਾ। ਇਹ ਠੀਕ ਹੈ। **ਇੱਕ ਅਸਲੀ ਜਨਮ ਪਾਇਆ ਮਸੀਹੀ, ਉਹ ਉਸ ਵਚਨ ਦੇ ਨਾਲ ਰਹਿੰਦਾ ਹੈ।** ਜੇ ਇਹ ਕੁਝ ਚੀਜ਼ਾਂ ਕਰਨ ਨੂੰ ਕਹਿੰਦਾ ਹੈ, ਅਤੇ ਉਹਨਾਂ ਨੂੰ ਕਰਨ ਦਾ ਤਰੀਕਾ, ਫਿਰ ਉਸੇ ਤਰੀਕੇ ਨਾਲ ਸਾਨੂੰ ਇਹ ਕਰਨਾ ਚਾਹੀਦਾ ਹੈ। ਕੋਈ ਪਰਵਾਹ ਨਹੀਂ ਕਿ ਕੋਈ ਹੋਰ ਕੀ ਕਹਿੰਦਾ ਹੈ, ਇਹ ਹੀ ਹੈ ਜੋ ਪ੍ਰਮਸ਼ੁਰ ਨੇ ਕਿਹਾ ਹੈ। ਅਸੀਂ ਇਸ ਨਾਲ ਬੱਝੇ ਹੋਏ ਹਾਂ, ਇੱਕ ਮਸੀਹ-ਕੇਂਦਰਿਤ ਜੀਵਨ।

**ਇਹ ਜਹਾਜ਼ ਦੇ ਲਈ ਲੰਗਰ ਹੈ। ਤੂਫ਼ਾਨ ਦੇ ਵੇਲੇ ਜਹਾਜ਼ ਨੂੰ ਲੰਗਰ ਨਾਲ ਬੰਨਿਆ ਜਾਂਦਾ ਹੈ। ਅਤੇ ਜੇ ਮਸੀਹ ਹੀ ਤੁਹਾਡਾ ਪਰਮ-ਸੱਚ ਹੈ, ਤੁਸੀਂ ਉਸ ਨਾਲ ਬੱਝੇ ਹੋਏ ਹੋ।** ਮੁਸੀਬਤ ਦੇ ਵੇਲੇ, ਜੇ ਤੁਸੀਂ ਜਹਾਜ਼ ਨੂੰ ਚੱਟਾਨ ਵੱਲ ਜਾਣ ਦਿੱਤਾ ਤਾਂ ਇਹ ਉਸ ਵਿੱਚ ਵੱਜ ਕੇ ਟੁੱਟ ਜਾਵੇਗਾ। ਪਰ ਉਹ ਕੀ ਕਰਦੇ ਹਨ, ਉਹ ਲੰਗਰ ਨੂੰ ਸੁੱਟਦੇ ਹਨ। ਲੰਗਰ ਉਦੋਂ ਤੱਕ ਖਿੱਚ ਹੁੰਦਾ ਹੈ ਜਦ ਤੱਕ ਇਹ ਚੱਟਾਨ ਦੀ ਬੁਨਿਆਦ ਵਿੱਚ ਨਹੀਂ ਫਸਦਾ। ਅਤੇ ਜਹਾਜ਼ ਨੂੰ ਲੰਗਰ ਨਾਲ ਬੰਨ੍ਹਿਆ ਜਾਂਦਾ ਹੈ। ਇਹ ਜਹਾਜ਼ ਲਈ ਪਰਮ ਸੱਚ ਹੈ। [2]

ਹੁਣ, ਜਦੋਂ ਬਿਮਾਰ ਲੋਕ ਜੋ ਇਮਾਰਤ ਵਿੱਚ ਹਨ, ਅਪਾਹਜ ਲੋਕ, ਜਾਂ ਤੁਸੀਂ ਜਿਹਨਾਂ ਨੂੰ ਪ੍ਰਮੇਸ਼ੁਰ ਦੀ ਲੋੜ ਹੈ, **ਜਦੋਂ ਤੁਹਾਨੂੰ ਉਸ ਪ੍ਰਕਾਰ ਦਾ ਪ੍ਰਕਾਸ਼ਨ ਮਿਲਦਾ ਹੈ ਕਿ ਤੁਸੀਂ ਧਰਮੀ ਠਹਿਰਾਏ ਗਏ ਹੋ** (1ਕੁਰਿੰਥੀਆਂ 6:11), ਜਦ ਤੁਸੀਂ ਸੱਚਮੁੱਚ ਉਹ ਚੀਜ਼ ਮੰਗਣ ਵਿੱਚ ਧਰਮੀ ਠਹਿਰਾਏ ਜਾਂਦੇ ਹੋ, ਜਿਸ ਦੀ ਤੁਸੀਂ ਮੰਗ ਕਰ ਰਹੇ ਹੋ, ਅਤੇ ਤੁਸੀਂ ਪਰਤੀਤ ਕਰਦੇ ਹੋ ਕਿ ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ (ਇਬਰਾਨੀਆਂ 11:6), ਫਿਰ **ਅਜਿਹਾ ਕੁਝ ਵੀ ਨਹੀਂ ਹੈ ਜੋ ਤੁਹਾਨੂੰ ਉਸ ਵਿਸ਼ਵਾਸ ਤੋਂ ਅੱਡ ਕਰ ਸਕੇਗਾ ਜੋ ਤੁਹਾਡੇ ਲਈ ਲੰਗਰ ਹੈ** (ਰੋਮੀਆਂ 8:38-39)। ਸਮਝੇ? ਪਰ ਪਹਿਲਾਂ ਇਹ ਤੁਹਾਡੇ ਤੇ ਪ੍ਰਗਟ ਹੋਣਾ ਹੈ। [3]

ਅਤੇ ਅਬਰਾਹਾਮ ਨੇ ਆਪਣੇ ਨਿਵਾਸ ਦੀ ਧਰਤੀ ਛੱਡ ਦਿੱਤੀ, ਆਪਣੇ ਆਪ ਨੂੰ ਇੱਕ ਅਜਨਬੀ ਅਤੇ ਇੱਕ ਯਾਤਰੀ ਕਿਹਾ (ਇਬਰਾਨੀਆਂ 11:8-10)। ਅਤੇ ਵੇਖੋ, ਅਬਰਾਹਾਮ ਸਾਰੇ ਮਰਨਹਾਰਾਂ ਵਾਂਗ, ਇੱਕ ਅਮਰ ਆਦਮੀ ਨਹੀਂ, ਉਹ ਆਦਮੀ ਨਹੀਂ ਜੋ ਗਲਤੀ ਨਹੀਂ ਕਰ ਸਕਦਾ, ਪਰ ਉਸ ਨੇ ਲਗਾਤਾਰ ਗਲਤੀਆਂ ਕੀਤੀਆਂ ( ਉੱਤਪਤ 12:10-20; 20:1-18)। **ਪਰ ਕੋਈ ਗੱਲ ਨਹੀਂ ਕਿ ਉਸ ਨੇ ਕਿੰਨੀਆਂ ਗਲਤੀਆਂ ਕੀਤੀਆਂ, ਉਸ ਦੇ ਲੰਗਰ ਦੀ ਅਜੇ ਵੀ ਪਕੜ ਹੈ, ਕਿਉਂਕਿ ਉਸ ਕੋਲ ਵਾਅਦਾ ਹੈ।** [4]

ਪਰ ਮੈਂ ਤੁਹਾਨੂੰ ਦੱਸਦਾ ਹਾਂ, ਕਿ ਇੱਕ ਅਸਲੀ ਆਦਮੀ ਜਾਂ ਔਰਤ ਜੋ ਮਸੀਹ ਦੇ ਆਤਮਾ ਤੋਂ ਜਨਮੇ ਹਨ **ਉਹ ਘੰਟਿਆਂ ਬੱਧੀ ਪ੍ਰਮੇਸ਼ੁਰ ਦੇ ਵਚਨ ਵਿੱਚੋਂ ਪੀਣ ਲਈ ਬੈਠਣਗੇ**। ਸਿਰਫ ਇੰਨਾ ਹੀ ਨਹੀਂ, ਪਰ ਜਦੋਂ ਇਹ ਵਚਨ ਉੱਥੇ ਵੱਜਦਾ ਹੈ, **ਇਹ ਲੰਗਰ ਪਾ ਲੈਂਦਾ ਹੈ, ਅਤੇ ਜੀਵਨਾਂ ਨੂੰ ਬਦਲ ਦਿੰਦਾ ਹੈ**। [5]

ਤੁਸੀਂ ਵੱਖਰੇ ਆਦਮੀ ਬਣ ਕੇ ਜਾਵੋਗੇ। **ਤੁਸੀਂ ਆਪਣੇ ਪ੍ਰਾਣ ਅੰਦਰ ਇੱਕ ਅਜਿਹੇ ਲੰਗਰ ਨਾਲ ਜਾਵੋਗੇ, ਕਿ ਕੁਝ ਵੀ ਤੁਹਾਨੂੰ ਪ੍ਰੇਸ਼ਾਨ ਨਹੀਂ ਕਰ ਸਕੇਗਾ**। ਤੁਸੀਂ ਜਾਣਦੇ ਹੋ ਕਿ ਤੁਸੀਂ ਚੰਗੇ ਹੋ ਚੁੱਕੇ ਹੋ। **ਤੁਸੀਂ ਜਾਣਦੇ ਹੋ ਕਿ ਪ੍ਰਮੇਸ਼ੁਰ ਨੇ ਤੁਹਾਡੇ ਲਈ ਇਸ ਗੱਲ ਦਾ ਫਿਕਰ ਰੱਖਿਆ ਹੈ**, ਕਿਉਂਕਿ ਉਸ ਨੇ ਵਾਅਦਾ ਕੀਤਾ ਹੈ (**1ਪਤਰਸ 5:6-7**)। [6]

**ਪ੍ਰਮੇਸ਼ੁਰ ਤੁਹਾਡੇ ਹਿਰਦੇ ਵਿੱਚ ਇੱਕ ਛੋਟੀ ਜਿਹੀ ਚੀਜ਼ ਨੂੰ ਲੰਗਰ ਪਾਉਂਦਾ ਹੈ ਅਤੇ ਕਹਿੰਦਾ ਹੈ,"ਇਹ ਹੀ ਹੈ।" ਇਸ ਤੇ ਵਿਸ਼ਵਾਸ ਕਰੋ। ਇਸ ਨੂੰ ਫੜ੍ਹੀ ਰੱਖੋ। ਇਹ ਪ੍ਰਮੇਸ਼ੁਰ ਦਾ ਵਚਨ ਹੈ।** ਉਸਨੇ ਵਾਅਦਾ ਕੀਤਾ ਹੈ, ਉਸ ਨੇ ਇਸ ਦੀ ਤੁਹਾਨੂੰ ਪੁਸ਼ਟੀ ਕੀਤੀ ਹੈ। ਅਤੇ ਜੇ ਉਹ ਵਚਨ ਦੀ ਪੁਸ਼ਟੀ ਕਰਦਾ ਹੈ ਤਾਂ **ਇਸ ਨੂੰ ਫੜ੍ਹੀ ਰੱਖੋ** (ਪ੍ਰਕਾਸ਼ ਦੀ ਪੋਥੀ **3:11**)। [7]

ਮੈਂ ਉੱਥੇ ਉਸ ਚੱਟਾਨ ਵਿੱਚ ਟਿਕੇ ਹੋਏ ਲੰਗਰ ਨੂੰ ਫੜ੍ਹਿਆ ਹੋਇਆ ਹੈ। ਤੂਫ਼ਾਨ ਮੈਨੂੰ ਉੱਪਰ-ਥੱਲੇ ਅਤੇ ਆਲੇ ਦੁਆਲੇ ਝਟਕ ਰਹੇ ਹਨ, ਪਰ ਮੇਰੇ ਲੰਗਰ ਨੇ ਪਕੜ ਬਣਾਈ ਹੋਈ ਹੈ। **ਇਹ ਪ੍ਰਮੇਸ਼ੁਰ ਅਤੇ ਉਸ ਦੇ ਵਚਨ ਵਿੱਚ ਹੈ**। ਮੈਂ ਵਿਸ਼ਵਾਸ ਕਰਦਾ ਹਾਂ, ਤੇਰਾ ਵਚਨ ਸਚਿਆਈ ਹੈ (ਯੂਹੰਨਾ **17:17**)। [8]

**"ਅਤੇ ਉਹ ਆਸਾ ਮਾਨੋ ਸਾਡੀ ਜਾਨ ਦਾ ਲੰਗਰ ਹੈ ਜਿਹੜਾ ਅਚੱਲ ਅਤੇ ਇਸਥਿਰ ਹੈ..."** (ਇਬਰਾਨੀਆਂ **6:19**)।

ਹਰੇਕ ਸਿੱਖਿਆ ਅਤੇ ਹਰੇਕ ਬੁੱਲੇ ਦੇ ਨਾਲ ਡੋਲਣ ਵਾਲਾ ਨਹੀਂ, ਇੱਕ ਪਾਸੇ ਤੋਂ ਦੂਜੇ ਪਾਸੇ ਵੱਲ ਡੋਲ ਜਾਣਾ, ਕਦੀਂ ਇੱਧਰ ਵਾਲੇ ਪਾਸੇ ਹੋ ਜਾਣਾ ਅਤੇ ਕਦੀਂ ਉੱਧਰ ਹੋ ਜਾਣਾ, ਪਤਾ ਹੀ ਨਹੀਂ ਕਿ ਤੁਸੀਂ ਕਿੱਥੇ ਖੜ੍ਹੇ ਹੋ (ਅਫ਼ਸੀਆਂ **4:14**)। ਬਾਈਬਲ ਨੇ ਕਿਹਾ ਹੈ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਥਾਪਿਤ ਕੀਤੇ ਹੋਵੇ।" ਇਹ ਨਾ ਕਹਿੰਦੇ ਹੋਵੋ, "ਠੀਕ ਹੈ, ਅੱਜ ਮੈਂ ਇਹ ਹਾਂ ਅਤੇ ਕੱਲ ਕੁਝ ਹੋਰ ਹਾਂ।" **ਆਪਣੇ ਪ੍ਰਾਣ ਦਾ ਲੰਗਰ ਮਸੀਹ ਯਿਸੂ ਵਿੱਚ ਟਿਕਾ ਲਓ! ਨਵੇਂ ਸਿਰੇ ਤੋਂ ਜਨਮ ਲਵੋ, ਮਸੀਹ ਦਾ ਜੀਵਨ ਤੁਹਾਡੇ ਵਿੱਚ ਜੀ ਰਿਹਾ ਹੈ, ਅਤੇ ਸ਼ੱਕ ਦੇ ਪਰਛਾਂਵੇ ਤੋਂ ਪਾਰ ਤੁਸੀਂ ਜਾਣਦੇ ਹੋ ਕਿ ਤੁਸੀਂ ਮੌਤ ਤੋਂ ਪਾਰ ਹੋ ਕੇ ਜੀਉਣ ਵਿੱਚ ਲੰਘ ਚੁੱਕੇ ਹੋ** (ਯੂਹੰਨਾ **5:24**)। ਤੁਹਾਡੀਆਂ ਸਾਰੀਆਂ ਆਸਾਂ ਕਲਵਰੀ ਵਿੱਚ ਬਣੀਆਂ ਹੋਈਆਂ ਹਨ। **ਪਰਮੇਸ਼ੁਰ ਦਾ ਪ੍ਰੇਮ ਤੁਹਾਡੇ ਹਿਰਦਿਆਂ ਵਿੱਚ ਭਰਿਆ ਗਿਆ ਹੈ** (ਰੋਮੀਆਂ **5:5**)। ਅਤੇ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਹਰੇਕ ਵਚਨ ਜੋ ਪ੍ਰਮੇਸ਼ੁਰ ਕਹਿੰਦਾ ਹੈ ਉਹ ਸੱਚ ਹੈ। ਤੁਸੀਂ ਇਸਦੇ ਹਰ ਪਹਿਲੂ ਲਈ ਮਰਨ ਲਈ ਤਿਆਰ ਹੋ। ਸਮਝੇ ਮੇਰਾ ਕੀ ਮਤਲਬ ਹੈ? ਇਸਥਿਰ ਅਤੇ ਅਚੱਲ। [9]

**ਜੇਕਰ ਤੁਸੀਂ ਆਪਣੇ ਆਪ ਲਈ ਲੰਗਰ ਪਾਉਣਾ ਚਾਹੁੰਦੇ ਹੋ ਤਾਂ ਆਪਣੇ ਹਿਰਦੇ ਵਿੱਚ ਉਸ ਵਚਨ ਦਾ ਲੰਗਰ ਪਾਓ**। ਦਾਊਦ ਨੇ ਕਿਹਾ ਕਿ ਉਸਨੇ ਵਚਨ ਨੂੰ ਆਪਣੇ ਮਨ ਵਿੱਚ ਜਮਾਂ ਕਰ ਲਿਆ ਹੈ ਤਾਂ ਜੋ ਉਹ

ਪਾਪ ਨਾ ਕਰੇ (ਜ਼ਬੂਰਾਂ ਦੀ ਪੋਥੀ 199:11)। ਉਸ ਨੇ ਉਹਦੇ ਹੁਕਮਾਂ ਨੂੰ ਸਿਰਹਾਣੇ ਲਿਖ ਲਿਆ, ਅਤੇ ਉਹਨਾਂ ਨੂੰ ਆਪਣੇ ਹੱਥਾਂ ਨਾਲ ਅਤੇ ਹਰ ਪਾਸੇ ਬੰਨ੍ਹ ਲਿਆ, ਉਸ ਦੇ ਵਚਨ ਨੂੰ ਹਮੇਸ਼ਾ ਆਪਣੇ ਅੱਗੇ ਰੱਖਿਆ (ਜ਼ਬੂਰ 16:8; ਬਿਵਸਥਾ ਸਾਰ 6:4–9)। ਇਹੀ ਤਰੀਕਾ ਹੈ। ਆਪਣੇ ਮਨ ਨੂੰ ਲਗਾਤਾਰ...[10]

ਤੂਫ਼ਾਨਾਂ ਨੂੰ ਭੜਕਣ ਦਿਓ, ਮੇਰੇ ਲੰਗਰ ਦੀ ਪਕੜ ਪੜਦੇ ਦੇ ਅੰਦਰ ਹੈ। **ਮੈਂ ਤੁਹਾਨੂੰ ਇਹ ਨਹੀਂ ਦੱਸ ਸਕਦਾ ਕਿ ਅੱਜ ਸਾਡੇ ਕੋਲ ਸਮੁੰਦਰਾਂ ਤੇ ਬਹੁਤ ਸਾਰੇ ਤੂਫ਼ਾਨ ਕਿਉਂ ਹਨ, ਪਰ ਮੈਂ ਲੰਗਰ ਲਈ ਧੰਨਵਾਦ ਕਰਦਾ ਹਾਂ ਜਿਸਨੇ ਪਰਦੇ ਦੇ ਅੰਦਰ ਦ੍ਰਿੜਤਾ ਨਾਲ ਫੜ੍ਹ ਕੇ ਰੱਖਿਆ ਹੋਇਆ ਹੈ**। ਜਦ ਉਹ ਅਥਵਾ ਕਿਸ਼ਤੀ ਹਜੋਕੇ ਖਾ ਰਹੀ ਹੈ, ਇੰਝ ਜਾਪਦਾ ਹੈ ਕਿ ਉਸ ਦਾ ਹਰ ਵਾਰ ਡੋਲਣਾ ਉਸਨੂੰ ਹੇਠਾਂ ਤਹਿ ਵਿੱਚ ਡੁਬੋ ਦੇਵੇਗਾ, ਪਰ ਮੇਰਾ ਲੰਗਰ ਅਜੇ ਵੀ ਪਰਦੇ ਵਿੱਚ ਲੱਗਿਆ ਹੋਇਆ ਹੈ। ਮੈਂ ਆਪਣਾ ਲੰਗਰ ਪਰਦੇ ਦੇ ਅੰਦਰ ਪਾਇਆ ਹੋਇਆ ਹੈ। [11]

ਜਿਸ ਤਰ੍ਹਾਂ ਛੋਟਾ ਮੁੰਡਾ ਪਤੰਗ ਉਡਾ ਰਿਹਾ ਸੀ। ਕਿਹਾ, "ਇਹ ਕਿੱਥੇ ਹੈ?
ਉਸਨੇ ਕਿਹਾ, "ਮੈਨੂੰ ਨਹੀਂ ਪਤਾ, ਪਰ ਇਹ ਉੱਥੇ ਕਿਤੇ ਹੈ; **ਮੈਂ ਇਸ ਨੂੰ ਡੋਰ ਦੇ ਅੰਤ ਵਿੱਚ ਮਹਿਸੂਸ ਕਰ ਸਕਦਾ ਹਾਂ।**" ਬਸ ਇਹ ਹੀ ਹੈ।

ਇੱਕ ਆਦਮੀ ਜਾਂ ਔਰਤ ਜੋ ਪ੍ਰਮੇਸ਼ੁਰ ਦੇ ਵਚਨ ਨੂੰ ਲੈਂਦਾ ਹੈ, ਤੁਹਾਨੂੰ ਕਿਸੇ ਚੀਜ਼ ਦੀ ਪਕੜ ਮਿਲ ਗਈ ਹੈ। ਤੁਹਾਡਾ ਲੰਗਰ ਪਰਦੇ ਦੇ ਅੰਦਰ ਪਿਆ ਹੋਇਆ ਹੈ। ਹੋ ਸਕਦਾ ਹੈ ਕਿ ਤੂਫ਼ਾਨ ਅਤੇ ਹਨੇਰੀਆਂ ਹਰ ਤਰੀਕੇ ਨਾਲ ਦਬਾਉਣ ਅਤੇ ਹਿਲਾਉਣ, **ਪਰ ਤੁਹਾਡਾ ਲੰਗਰ ਪਿਆ ਹੋਇਆ ਹੈ**। ਉਹ ਠੀਕ ਸਥਾਨ ਤੇ ਆ ਰਹੀ ਹੈ। ਤੁਸੀਂ ਦ੍ਰਿੜ ਹੋ। ਤੁਸੀਂ ਇਸ ਤੇ ਵਿਸ਼ਵਾਸ ਕਰਨ ਜਾ ਰਹੇ ਹੋ।

ਨੂਹ ਨੇ ਇਸ ਤੇ ਵਿਸ਼ਵਾਸ ਕੀਤਾ, ਯਕੀਨਨ, ਅਤੇ ਉਸ ਨੇ ਆਪਣੇ ਜੀਵਨ ਲਈ ਪ੍ਰਮੇਸ਼ੁਰ ਦੇ ਉਦੇਸ਼ ਨੂੰ ਪ੍ਰਾਪਤ ਕਰ ਲਿਆ। **ਕੀ ਤੁਸੀਂ ਆਪਣੇ ਜੀਵਨ ਲਈ ਪ੍ਰਮੇਸ਼ੁਰ ਦੇ ਉਦੇਸ਼ ਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ? ਫਿਰ ਜਦੋਂ ਤੁਹਾਨੂੰ ਵਚਨ ਮਿਲਦਾ ਹੈ ਤਾਂ ਇਸ ਨੂੰ ਦ੍ਰਿੜ ਇਰਾਦੇ ਨਾਲ ਫੜ੍ਹੀ ਰੱਖੋ। ਇਸ ਨੂੰ ਫੜ੍ਹੀ ਰੱਖੋ, ਵਾਅਦੇ ਨੂੰ; ਇਹ ਤੁਹਾਡਾ ਹੈ।** [12]

ਆਪਣੇ ਲੰਗਰ ਨੂੰ ਕਲਵਰੀ ਤੋਂ ਨਾ ਕੱਟੋ। ਪ੍ਰਮੇਸ਼ੁਰ ਦੇ ਵਚਨ ਨੂੰ ਫੜ੍ਹੀ ਰੱਖੋ, ਕਿਉਂਜੋ " ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਯਾ ਬਣਾਵਾਂਗਾ," ਇਸ ਦੇ ਨਾਲ ਰਹੋ (ਮੱਤੀ 16:13–18)। [13]

**ਅਤੇ ਜੇ ਤੁਹਾਡਾ ਲੰਗਰ ਵਚਨ ਵਿੱਚ ਪਿਆ ਹੋਇਆ ਹੈ, ਅਤੇ ਵਚਨ ਦਾ ਲੰਗਰ ਤੁਹਾਡੇ ਵਿੱਚ ਪਿਆ ਹੈ, ਤਾਂ ਤੁਸੀਂ ਵਚਨ ਦੇ ਨਾਲ ਅਨੰਤ ਹੋ।** ਆਮੀਨ।

ਇਸ ਨੇ ਆਪਣੇ ਅੰਤ ਤੇ ਆਉਣਾ ਹੀ ਹੈ। ਉਹ ਸੱਭ ਚੀਜ਼ਾਂ ਹਿੱਲ ਰਹੀਆਂ ਹਨ। ਕੋਈ ਫਰਕ ਨਹੀਂ ਕਿ ਉਹ ਕਿੰਨਾ ਵੱਡਾ ਥੰਮ੍ਹ ਬਣਾ ਰਹੇ ਹਨ, ਇਸ ਨੇ ਡਿੱਗਣਾ ਹੀ ਹੈ। **ਉਹ ਸਭ ਚੀਜ਼ਾਂ ਜੋ ਵਚਨ ਤੋਂ ਨਹੀਂ ਹਨ ਜਾਂ ਵਚਨ ਦੇ ਵਿਰੁੱਧ ਹਨ, ਜਾਂ ਇਸ ਦੇ ਉਲਟ ਹਨ, ਉਹਨਾਂ ਨੂੰ ਹਟਣਾ ਹੀ ਪਵੇਗਾ**। ਇਸ ਨੂੰ ਸਥਾਨ

ਦੇਣਾ ਹੀ ਪਵੇਗਾ, ਕਿਉਂਕਿ ਵਚਨ ਜੇਤੂ ਹੋ ਕੇ ਆ ਰਿਹਾ ਹੈ। ਇੱਥੇ ਕੁਝ ਵੀ ਨਹੀਂ ਹੈ ਜੋ ਇਸ ਨੂੰ ਰੋਕ ਸਕੇ। ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਿਹਾ ਹੈ।

ਜਦੋਂ ਉਹ ਇਸਨੂੰ ਬੋਲਦਾ ਹੈ, ਅਕਾਸ਼ ਅਤੇ ਧਰਤੀ ਟਲ ਜਾਣਗੇ, ਪਰ ਇਹ ਕਦੇ ਨਹੀਂ ਟਲੇਗਾ (ਮੱਤੀ 24:35)। **ਉਸ ਵਚਨ ਨੂੰ ਆਪਣੇ ਹਿਰਦੇ ਅੰਦਰ ਛੁਪਾ ਲਓ**। ਉਸ ਵਚਨ ਨੂੰ ਕਿਵੇਂ ਲੈਣਾ ਹੈ ਅਤੇ ਵੱਧਣ ਦੇਣਾ ਹੈ... **ਇਸ ਨੂੰ ਹਮੇਸ਼ਾ ਚੇਤੇ ਰੱਖੋ** (2 ਤਿਮੋਥਿਉਸ 2:8), **ਕਿਉਂਕਿ ਇਹ ਕਦੇ ਨਹੀਂ ਟਲੇਗਾ**। ਪ੍ਰਮੇਸ਼ੁਰ ਦਾ ਵਚਨ ਕਦੇ ਨਹੀਂ ਟਲੇਗਾ, ਕਿਉਂਕਿ ਉਸਨੇ ਕਿਹਾ ਇਹ ਨਹੀਂ ਟਲੇਗਾ। ਇਸ ਲਈ ਅਸੀਂ ਇਹ ਤੇ ਖੜ੍ਹੇ ਰਹਿਣਾ ਚਾਹੁੰਦੇ ਹਾਂ। [10]

ਔਹ, ਮੇਰੇ ਭਰਾਵੋ, ਭੈਣੋ; ਹੁਣ, ਤੁਹਾਡੇ ਵਿਚੋਂ ਹਰ ਕੋਈ ਚੇਤੰਨ ਹੈ, ਮੈਂ ਜਾਣਦਾ ਹਾਂ ਇਸ ਦਾ ਕੀ ਮਤਲਬ ਹੈ। ਸਮਝੇ? ਬਸ ਵੇਖੋ। ਮਸੀਹ ਦੇ ਨੇੜੇ ਰਹੋ। ਖੁਸ਼ਖਬਰੀ ਦਾ ਇੱਕ ਸੇਵਕ ਹੋਣ ਦੇ ਨਾਤੇ, ਮੈਨੂੰ ਤੁਹਾਨੂੰ ਚੇਤਾਵਨੀ ਦੇਣ ਦਿਓ, ਕਿ ਇਹ... **ਕੋਈ ਵੀ ਮੂਰਖਤਾ ਨਾ ਲਵੋ। ਕੁਝ ਵੀ ਕਲਪਨਾ ਨਾ ਕਰੋ। ਠੀਕ ਉੱਥੇ ਹੀ ਰਹੋ ਜਦ ਤੱਕ ਇਹ ਅੰਦਰਲੇ ਤੋਂ ਅੰਦਰਲੇ ਦਾ ਲੰਗਰ ਵਚਨ ਨਾਲ ਪਿਆ ਹੋਇਆ ਹੈ, ਕਿ ਤੁਸੀਂ ਬਿਲਕੁਲ ਮਸੀਹ ਵਿੱਚ ਹੋ;** ਕਿਉਂਕਿ ਉਹ ਹੀ ਇੱਕ ਚੀਜ਼ ਹੈ ਜੋ... **ਕਿਉਂਕਿ ਅਸੀਂ ਸਭ ਤੋਂ ਧੋਖੇਬਾਜ਼ ਯੁੱਗ ਵਿੱਚ ਹਾਂ ਜਿਸ ਵਿੱਚ ਕਿ ਅਸੀਂ ਕਦੀਂ ਰਹੇ ਹਾਂ। ਜੇ ਹੋ ਸਕਦਾ ਤਾਂ ਇਹ ਚੁਣਿਆਂ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦਿੰਦਾ** (ਮੱਤੀ 24:24) **ਕਿਉਂਕਿ ਉਹਨਾਂ ਕੋਲ ਮਸ੍ਹਾ ਹੈ। ਉਹ ਬਾਕੀਆਂ ਦੇ ਵਾਂਗ ਕੁਝ ਵੀ ਕਰ ਸਕਦੇ ਹਨ।**

**ਆਪਣੀਆਂ ਜ਼ਿੰਦਗੀਆਂ ਨੂੰ ਸਾਫ ਕਰੋ; ਆਪਣਿਆਂ ਕਰਜ਼ਿਆਂ ਦਾ ਭੁਗਤਾਨ ਕਰੋ; ਕਿਸੇ ਦੇ ਕਰਜ਼ਦਾਰ ਨਾ ਰਹੋ, ਯਿਸੂ ਨੇ ਕਿਹਾ** (ਰੋਮੀਆਂ 13:8-10)। ਹੁਣ, ਮੇਰਾ ਮਤਲਬ ਇਹਨਾਂ ਚੀਜ਼ਾਂ ਤੋਂ ਨਹੀਂ ਕਿ ਤੁਹਾਡੇ ਘਰ ਦਾ ਕਿਰਾਇਆ ਅਤੇ ਚੀਜ਼ਾਂ। ਤੁਸੀਂ ਇਹ ਕਰਨਾ ਹੈ। ਆਪਣੇ ਹੱਥਾਂ ਤੋਂ ਸਾਰੀਆਂ ਚੀਜ਼ਾਂ ਸਾਫ ਕਰ ਲਓ। **ਸਭ ਕੁਝ ਠੀਕ ਕਰ ਲਓ। ਤਿਆਰ ਕਰੋ। ਤਿਆਰ ਹੋਵੋ।** ਪ੍ਰਭੂ ਦੇ ਨਾਮ ਵਿੱਚ ਯਾਦ ਰੱਖੋ, ਕੁਝ ਹੋਣ ਜਾ ਰਿਹਾ ਹੈ। [14]

ਮੇਰਾ ਉਹ ਸੱਭ ਕਰਨ ਲਈ ਵਧੇਰੇ ਪੱਕਾ ਇਰਾਦਾ ਰਿਹਾ ਹੈ ਜੋ ਮੈਂ ਆਦਮੀਆਂ ਅਤੇ ਔਰਤਾਂ ਨੂੰ ਮਨਾਉਣ ਲਈ ਕਰ ਸਕਦਾ ਹਾਂ--ਕਿਰਪਾ ਕਰਕੇ ਇਸ ਬਾਰੇ ਪੱਕੇ ਰਹੋ! **ਜੇ ਪ੍ਰਮੇਸ਼ੁਰ ਦੇ ਪ੍ਰੇਮ ਨੇ ਤੁਹਾਡੇ ਦਿਲ ਵਿੱਚ ਸਰਬੋਤਮ ਤੌਰ ਤੇ ਲੰਗਰ ਨਹੀਂ ਪਾਇਆ ਹੈ**(1ਕੁਰਿੰਥੀਆਂ 13), **ਤੁਸੀਂ ਕੋਈ ਵੀ ਅਹਿਸਾਸ ਜਾਂ ਭਾਵਨਾ ਨਾ ਲਓ**। ਤੁਸੀਂ ਪੱਕੇ ਰਹੋ ਕਿ ਤੁਸੀਂ ਦੂਜੀ ਗੱਲ੍ਹ ਵੀ ਅੱਗੇ ਫੇਰ ਸਕਦੇ ਹੋ (ਮੱਤੀ 5:38-48), **ਕਿ ਮਸੀਹ ਹੀ ਤੁਹਾਡੇ ਲਈ ਸੱਭ ਕੁਝ ਹੈ। ਤੁਸੀਂ ਇਸ ਤੋਂ ਖੁੰਝਿਓ ਨਾ, ਮੇਰੇ ਭਾਈ।** [15]

ਹਵਾਲੇ:

ਮਸੀਹ ਆਪਣੇ ਹੀ ਵਚਨ ਵਿੱਚ ਪ੍ਰਗਟ ਹੋਇਆ ਹੈ ( 65-0822M) ਪੈਰ੍ਹਾ 155-157

ਪਰਮ ਸੱਤ (63-1201M) ਪੈਰ੍ਹਾ 66+68

ਮੈਂ ਸੁਣਿਆ ਸੀ, ਪਰ ਹੁਣ ਮੈਂ ਵੇਖਦਾ ਹਾਂ ( 65–1127E) ਪੈਰ੍ਹਾ 57

ਮਲਕੀਸਿਦਕ, ਮਹਾਨ ਰਾਜ ਕੁਮਾਰ, ਅਤੇ ਰਾਜਾ (55–0109M) ਪੈਰ੍ਹਾ 48

ਪ੍ਰਮੇਸ਼ੁਰ ਦੇ ਇੱਕ ਸੱਚੇ ਨਬੀ ਦਾ ਰਾਹ ( 62–0513M) ਪੈਰ੍ਹਾ 92

ਪ੍ਰਮੇਸ਼ੁਰ ਦਾ ਤਿਆਰ ਕੀਤਾ ਹੋਇਆ ਰਾਹ ( 56–0108) ਪੈਰ੍ਹਾ 22

ਨਾ ਤਬਦੀਲ ਹੋਣ ਵਾਲਾ ਪ੍ਰਮੇਸ਼ਵਰ (60–0326) ਪੈਰ੍ਹਾ 16